**ਪੰਜਾਬੀ ਯੂਨੀਵਰਸਿਟੀ, ਪਟਿਆਲਾ**
(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)
ਦਫਤਰ - ਡੀਨ, ਕਾਲਜ ਵਿਕਾਸ ਕੌਂਸਲ
**ਨੋਟਿਸ**

No.: 179/DCDC.........
Date: 30-9-2025....

**ਯੂਨੀਵਰਸਿਟੀ ਨਾਲ ਸਬੰਧਿਤ ਸਮੂਹ ਕਾਲਜਾਂ ਦੇ**
**ਚੇਅਰਮੈਨ/ਪ੍ਰਿੰਸੀਪਲ/ਸਾਹਿਬਾਨਾਂ ਨੂੰ**

ਯੂਨੀਵਰਸਿਟੀ ਨਾਲ ਸਬੰਧਿਤ ਸਮੂਹ ਕਾਲਜਾਂ ਨੂੰ ਪਹਿਲਾਂ ਵੀ ਸੂਚਿਤ ਕੀਤਾ ਗਿਆ ਹੈ ਕਿ ਕਾਲਜਾਂ ਵਿਖੇ ਅਕਾਦਮਿਕ ਸੈਸ਼ਨ 2025-26 ਦੌਰਾਨ ਸਮੈਸਟਰ ਪਹਿਲਾ ਵਿਚ ਨਵੇਂ ਦਾਖਲ ਹੋਏ ਸਮੂਹ ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਦਾ ਪੰਜਾਬ ਸਰਕਾਰ ਦੇ ਆਨਲਾਈਨ ਦਾਖਲਾ ਪੋਰਟਲ https://admission.punjab.gov.in ਤੇ ਰਜਿਸਟਰੇਸ਼ਨ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਰਜਿਸਟਰਡ ਵਿਦਿਆਰਥੀਆਂ ਦਾ ਜਿਨ੍ਹਾਂ ਨੇ ਦਾਖਲਾ ਲੈ ਲਿਆ ਹੈ ਉਨ੍ਹਾਂ ਦਾ Seat Offer Status ਅਪਡੇਟ ਕੀਤਾ ਜਾਵੇ।

ਪਰ ਇਹ ਵੇਖਣ ਵਿੱਚ ਆਇਆ ਹੈ ਕਿ ਕੁਝ ਕਾਲਜਾਂ ਵਲੋਂ ਇਸ ਸਬੰਧੀ ਕੁਝ ਨਹੀਂ ਕੀਤਾ ਜਾ ਰਿਹਾ। ਇਸ ਲਈ ਉਨ੍ਹਾਂ ਕਾਲਜਾਂ ਨੂੰ ਹਿਦਾਇਤ ਕੀਤੀ ਜਾਂਦੀ ਹੈ ਕਿ ਉਨ੍ਹਾਂ ਵਲੋਂ ਵਿਦਿਆਰਥੀਆਂ ਦੀ ਰਜਿਸਟਰੇਸ਼ਨ ਦਾ ਅਤੇ ਦਾਖਲ ਹੋਏ ਵਿਦਿਆਰਥੀਆਂ ਦੇ Seat Offer Status ਨੂੰ ਅਪਡੇਟ ਕਰਨ ਦਾ ਕੰਮ ਜਲਦ ਤੋ ਜਲਦ ਕੀਤਾ ਜਾਵੇ ਤਾਂ ਕਿ ਯੂਨੀਵਰਸਿਟੀ ਨੂੰ ਦਾਖਲ ਹੋਏ ਵਿਦਿਆਰਥੀਆਂ ਦੀ ਸਹੀ ਜਾਣਕਾਰੀ ਪ੍ਰਾਪਤ ਹੋ ਸਕੇ।

ਕਿਸੇ ਵੀ ਕਾਲਜ ਵੱਲੋਂ ਵਿਦਿਆਰਥੀਆਂ ਦੀ ਰਜਿਸਟਰੇਸ਼ਨ ਅਤੇ Seat Offer Status ਅਪਡੇਟ ਨਾ ਕੀਤੀ ਜਾਣ ਦੀ ਸੂਰਤ ਵਿੱਚ ਬਾਅਦ ਵਿੱਚ ਪ੍ਰੀਖਿਆਵਾਂ ਸਮੇਂ ਦਿੱਕਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸਦੀ ਨਿਰੋਲ ਜਿੰਮੇਵਾਰੀ ਸੰਬੰਧਤ ਕਾਲਜ ਦੀ ਹੋਵੇਗੀ।

ਇਹ ਵੀ ਦੱਸਣ ਯੋਗ ਹੈ ਕਿ ਕਿਉਂਕਿ ਕਾਲਜਾਂ ਵਿੱਚ ਦਾਖਲ ਹੋਏ ਹਰ ਇੱਕ ਵਿਦਿਆਰਥੀ ਦਾ ਉਚੇਰੀ ਸਿੱਖਿਆ ਵਿਭਾਗ ਵਲੋਂ ਜਾਰੀ ਕੀਤੇ ਰਜਿਸਟਰੇਸ਼ਨ ਨੰਬਰ ਦਾ ਹੋਣਾ ਲਾਜ਼ਮੀ ਹੈ ਇਸ ਲਈ ਇਸ ਨੂੰ ਯਕੀਨੀ ਬਣਾਉਣ ਲਈ ਯੂਨੀਵਰਸਿਟੀ ਵਲੋਂ ਇਸ ਰਜਿਸਟਰੇਸ਼ਨ ਨੰਬਰ ਨੂੰ Add/Update ਕਰਨ ਲਈ ਸੁਵਿਧਾ ਦਿੱਤੀ ਗਈ ਹੈ। ਇਸ ਦੇ ਲਈ https://gs.pupexamination.ac.in/ ਲਿੰਕ ਤੇ ਜਾ ਕੇ ਕਾਲਜ Login ਕੀਤਾ ਜਾਵੇ। ਇਸ ਤੋਂ ਬਾਅਦ Menu Bar ਤੋਂ Student -> Update DHE Registration No ਲਿੰਕ ਤੇ ਜਾ ਕੇ ਉਚੇਰੀ ਸਿੱਖਿਆ ਵਿਭਾਗ ਵਲੋਂ ਜਾਰੀ ਕੀਤੇ ਰਜਿਸਟਰੇਸ਼ਨ ਨੰਬਰ ਨੂੰ Add/Update ਕੀਤਾ ਜਾਵੇ।

(Signature) 30/09/2025
ਡੀਨ - ਕਾਲਜ ਵਿਕਾਸ ਕੌਂਸਲ

ਉਤਾਰਾ :

1. ਕੰਟਰੋਲਰ - ਪ੍ਰੀਖਿਆਵਾਂ
2. ਡਾਇਰੈਕਟਰ - ਯੋਜਨਾ ਅਤੇ ਨਿਰੀਖਣ
3. ਡੀ. ਆਰ. - ਕਾਲਜਿਜ਼
4. ਡਿਪਟੀ ਡਾਇਰੈਕਟਰ - ਉਚੇਰੀ ਸਿੱਖਿਆ ਵਿਭਾਗ